# ਪੰਜਾਬ ਸਕੂਲ ਸਿੱਖਿਆ ਬੋਰਡ

## ਡੇਟ ਸ਼ੀਟ (ਪ੍ਰਯੋਗੀ)

ਦਸਵੀਂ ਅਨੁਪੂਰਕ ਪ੍ਰੀਖਿਆ ਸਮੇਤ ਸਪੈਸ਼ਲ ਮੌਕਾ ਅਤੇ ਓਪਨ ਸਕੂਲ ਪ੍ਰਣਾਲੀ ਸਤੰਬਰ 2012 ਸਮੈਸਟਰ I,II ਅਤੇ ਸਲਾਨਾ ਪ੍ਰੀਖਿਆ ਪ੍ਰਣਾਲੀ (ਪੂਰਾ ਸਿਲੇਬਸ) ਦੇ ਫੇਲ/ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਕਾਰਗੁਜਾਰੀ ਵਧਾਉਣ ਵਾਲੇ, ਪ੍ਰੀਖਿਆਰਥੀਆਂ ਲਈ।

| ਲੋੜ ਸਮੇਂ ਸੰਪਰਕ ਕਰੋ: | ਟੈਲੀਫੋਨ ਨੰਬਰ: |
|---|---|
| 1 ਕੰਟਰੋਲ ਰੂਮ | ਦਫਤਰ 0172-3047263, ਫੈਕਸ ਨੰ: 0172-3047262 |
| 2 ਉਪ ਸਕੱਤਰ (ਕਾਰਜ ਸੰਚਾਲਨ) | ਦਫਤਰ 0172-3047320, ਫੈਕਸ ਨੰ: 3047352 |
| 3. ਸਹਾਇਕ ਸਕੱਤਰ (ਕਾਰਜ ਸੰਚਾਲਨ) | ਦਫਤਰ 0172-3047322 |

| | | |
|---|---|---|
| 1. ਵਿਗਿਆਨ | ਸਮਾਂ 3 ਘੰਟੇ | ਸਵੇਰੇ 9:00 ਵਜੇ ਤੋਂ 12:00 ਵਜੇ ਤੱਕ/ਸ਼ਾਮ 2:00 ਵਜੇ ਤੋਂ 5:00 ਵਜੇ ਤੱਕ |
| 2. ਸੰਗੀਤ (ਵਾਦਨ)<br>ਸੰਗੀਤ (ਗਾਇਨ)<br>ਸੰਗੀਤ (ਤਬਲਾ) | ਸਮਾਂ 20 ਮਿੰਟ | ਸਵੇਰੇ 9:00 ਵਜੇ ਤੋਂ 9:20 ਵਜੇ ਤੱਕ/ਸਵੇਰੇ 9:30 ਵਜੇ ਤੋਂ 9:50 ਵਜੇ ਤੱਕ |
| 3. ਸਿਹਤ ਵਿਗਿਆਨ,<br>ਕੰਪਿਊਟਰ ਸਾਇੰਸ,<br>ਕਟਾਈ ਅਤੇ ਸਿਲਾਈ, ਗ੍ਰਹਿ ਵਿਗਿਆਨ<br>ਖੇਤੀਬਾੜੀ ਅਤੇ ਪ੍ਰੀ-ਵੋਕੇਸ਼ਨਲ ਵਿਸ਼ੇ | ਸਮਾਂ 3 ਘੰਟੇ | ਸਵੇਰੇ 9:00 ਵਜੇ ਤੋਂ 12:00 ਵਜੇ ਤੱਕ/ਸ਼ਾਮ 2:00 ਵਜੇ ਤੋਂ 5:00 ਵਜੇ ਤੱਕ |
| 4. ਸਿਹਤ ਤੇ ਸਰੀਰਕ ਸਿੱਖਿਆ,<br>ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ | ਸਮਾਂ 4 ਘੰਟੇ | ਸਵੇਰੇ 8:00 ਵਜੇ ਤੋਂ 12:00 ਵਜੇ ਤੱਕ/ਸ਼ਾਮ 1:00 ਵਜੇ ਤੋਂ 5:00 ਵਜੇ ਤੱਕ |

5 ਓਪਨ ਸਕੂਲ ਪ੍ਰਣਾਲੀ ਅਧੀਨ ਅਤੇ ਵਿਲੱਖਣ ਸਮੱਰਥਾ ਰੱਖਣ ਵਾਲੇ ਪ੍ਰੀਖਿਆਰਥੀ ਜਿਹਨਾਂ ਨੇ ਗਰੇਡਿੰਗ ਵਾਲੇ(ਚੋਣਵੇਂ ਵਿਸ਼ੇ) ਵਿਸ਼ਿਆਂ ਵਿਚੋਂ ਕੋਈ ਵਿਸ਼ਾ/ ਵਿਸ਼ਿਆਂ ਦੀ ਚੋਣ ਜਰੂਰੀ ਵਿਸ਼ੇ ਵਜੋਂ ਕੀਤੀ ਹੈ, ਕੇਵਲ ਉਹਨਾਂ ਵਿਸ਼ਿਆਂ ਦੇ ਅੰਕ ਹੀ ਲਗਾਏ ਜਾਣੇ ਹਨ। ਇਸ ਲਈ ਉਹਨਾਂ ਪ੍ਰੀਖਿਆਰਥੀਆਂ ਦੀਆਂ ਪ੍ਰਯੋਗੀ ਨੰਬਰ ਸੂਚੀਆਂ ਮੁੱਖ ਦਫ਼ਤਰ ਨੂੰ ਭੇਜੀਆਂ ਜਾਣ।

| ਮਿਤੀ ਅਤੇ ਦਿਨ | ਵਿਸ਼ਾ/ ਵਿਸ਼ੇ | ਪੇਪਰ | | ਗਰੁੱਪ/ਪ੍ਰਸ਼ਨ-ਪੱਤਰ |
|---|---|---|---|---|
| 18-9-2012 ਮੰਗਲਵਾਰ | ਵਿਗਿਆਨ | 1 | 2 | ਪਹਿਲਾਂ ਗਰੁੱਪ ਪਹਿਲਾ ਪ੍ਰਸ਼ਨ-ਪੱਤਰ/ਦੂਜਾ ਗਰੁੱਪ ਦੂਜਾ ਪ੍ਰਸ਼ਨ-ਪੱਤਰ |
| 19-9-2012 ਬੁੱਧਵਾਰ | ਵਿਗਿਆਨ | 3 | 4 | ਤੀਜਾ ਗਰੁੱਪ ਤੀਜਾ ਪ੍ਰਸ਼ਨ-ਪੱਤ੍ਰਰ/ਚੌਥਾ ਗਰੁੱਪ ਪ੍ਰਸ਼ਨ ਪ੍ਰਸ਼ਨ-ਪੱਤਰ |

| ਮਿਤੀ ਅਤੇ ਦਿਨ | ਵਿਸ਼ਾ/ ਵਿਸ਼ੇ | ਸਵੇਰ ਦਾ ਸੈਸ਼ਨ | ਸ਼ਾਮ ਦਾ ਸੈਸ਼ਨ |
|---|---|---|---|
| 20-9-2012 ਤੋਂ 26-9-2012 ਵੀਰਵਾਰ ਤੋਂ ਬੁੱਧਵਾਰ ਤੱਕ ਇਨ੍ਹਾਂ ਵਿਸ਼ਿਆ ਦੀ ਪ੍ਰੋਯਗੀ ਪ੍ਰੀਖਿਆ ਲਈ ਜਾਵੇਗੀ। ਪ੍ਰੀਖਿਆਰਥੀ ਦੀ ਸੁਵਿਧਾ ਅਨੁਸਾਰ ਪੇਪਰ ਲੈ ਲਿਆ ਜਾਵੇ। | ਕੰਪਿਊਟਰ ਸਾਇੰਸ<br>ਸਿਹਤ ਤੇ ਸਰੀਰਕ ਸਿੱਖਿਆਂ<br>ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ,<br>ਸੰਗੀਤ (ਤਬਲਾ, ਵਾਦਨ)<br>ਗ੍ਰਹਿ ਵਿਗਿਆਨ,<br>ਕਟਾਈ ਤੇ ਸਿਲਾਈ<br>ਸੰਗੀਤ (ਗਾਇਨ)<br>ਖੇਤੀਬਾੜੀ<br>ਪ੍ਰੀ-ਵੋਕੇਸ਼ਨਲ ਵਿਸ਼ੇ<br>ਸਿਹਤ ਵਿਗਿਆਨ ਅਤੇ<br>ਵਿਦੇਸ਼ੀ ਭਾਸ਼ਾਵਾਂ | ਪਹਿਲਾਂ ਗਰੁੱਪ ਪ੍ਰਸ਼ਨ-ਪੱਤਰ 1 ਨਾਲ | ਦੂਜਾ ਗਰੁੱਪ ਪ੍ਰਸ਼ਨ-ਪੱਤਰ 2 ਨਾਲ |

ਨੋਟ :-

1. ਪਰੀਖਿਆ ਦੇ ਰਹੇ ਪ੍ਰੀਖਿਆਰਥੀਆਂ ਦੀ ਵੰਡ ਇਸ ਤਰ੍ਹਾਂ ਕੀਤੀ ਜਾਵੇ ਕਿ ਕਿਸੇ ਪ੍ਰੀਖਿਆਰਥੀ ਦੀ ਪ੍ਰਯੋਗੀ ਦੇ ਵਿਸ਼ਿਆਂ ਦਾ ਆਪਸੀ ਕਲੈਸ਼ ਨਾ ਹੋਵੇ। ਇੱਕ ਗਰੁੱਪ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ 20 ਤੋਂ 30 ਤੱਕ ਰੱਖੀ ਜਾਵੇ।
2. ਕੇਂਦਰ ਸੁਪਰਡੰਟ ਪ੍ਰਯੋਗੀ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀਆਂ ਨੂੰ ਪ੍ਰਯੋਗੀ ਪ੍ਰੀਖਿਆ ਦੀ ਮਿਤੀ, ਸਮਾਂ ਅਤੇ ਪ੍ਰੀਖਿਆ ਕੇਂਦਰ ਨੋਟ ਕਰਵਾਉਣ ਉਪਰੰਤ ਉਹਨਾਂ ਦੇ ਹਸਤਾਖਰ ਚਾਰਟ ਉੱਤੇ ਦਸਤਖਤ ਕਰਵਾਉਣਗੇ।
3. ਕੇਂਦਰ ਸੁਪਰਡੰਟ ਇਹ ਗੱਲ ਯਕੀਨੀ ਬਣਾਉਣਗੇ ਕਿ ਕੋਈ ਪ੍ਰੀਖਿਆਰਥੀ ਜਿਸਨੇ ਪ੍ਰਯੋਗੀ ਪ੍ਰੀਖਿਆ ਦੇਣੀ ਹੈ ਉਹ ਪ੍ਰਯੋਗੀ ਪ੍ਰੀਖਿਆ ਦੀ ਮਿਤੀ, ਸਥਾਨ ਅਤੇ ਸਮਾਂ ਨੋਟ ਕਰਨ ਤੋਂ ਨਾ ਰਹਿ ਜਾਵੇ।
4. ਲਿਖਤੀ ਪ੍ਰੀਖਿਆ ਖਤਮ ਹੋਣ ਉਪਰੰਤ ਕੇਂਦਰ ਸੁਪਰਡੰਟ ਪ੍ਰਯੋਗੀ ਪ੍ਰੀਖਿਆ ਸਬੰਧੀ ਪ੍ਰਯੋਗੀ ਪ੍ਰੀਖਿਆ ਵਾਲੇ ਕੇਂਦਰ ਕੰਟਰੋਲਰ ਨੂੰ ਹਸਤਾਖਰ ਚਾਰਟ ਅਤੇ ਹੋਰ ਸਮੱਗਰੀ ਸੌਂਪੇਗਾ।
5. ਰੀ-ਅਪੀਅਰ ਪ੍ਰੀਖਿਆਰਥੀਆਂ ਲਈ ਪ੍ਰਯੋਗੀ ਪ੍ਰੀਖਿਆ ਦੇਣਾ ਲਾਜ਼ਮੀ ਨਹੀਂ। ਜੇਕਰ ਉਹ ਮੁੜ ਪ੍ਰਯੋਗੀ ਪ੍ਰੀਖਿਆ ਦੇਣਾ ਚਾਹੁੰਣ ਤਾਂ ਉਹਨਾਂ ਦੇ ਦਾਖਲਾ ਫਾਰਮ ਵਿੱਚ ਸਪੱਸ਼ਟ ਤੌਰ ਤੇ ਲਿਖਿਆ ਹੋਣਾ ਚਾਹੀਦਾ ਹੈ। ਸਾਰੇ ਵਿਸ਼ੇ/ਵਾਧੂ ਵਿਸ਼ਾ ਅਧੀਨ ਪ੍ਰੀਖਿਆ ਦੇ ਰਹੇ ਪ੍ਰੀਖਿਆਰਥੀਆਂ ਲਈ ਪ੍ਰਯੋਗੀ ਪ੍ਰੀਖਿਆ ਦੇਣਾ ਲਾਜ਼ਮੀ ਹੈ।
6. ਪ੍ਰਯੋਗੀ ਪ੍ਰੀਖਿਆ ਨਾਲ ਸਬੰਧਤ ਕੇਂਦਰ ਕੰਟਰੋਲਰ ਆਪਣੇ ਪੱਧਰ ਤੇ ਯੋਗ ਪ੍ਰੀਖਿਅਕ ਦੀ ਨਿਯੁਕਤੀ ਦਾ ਪ੍ਰਬੰਧ ਕਰੇਗਾ ਤੇ ਸਬੰਧਤ ਪ੍ਰੀਖਿਅਕ ਗਰੁੱਪ ਵਾਈਜ਼ ਪੇਪਰ ਸੈਟ ਕਰਕੇ ਪ੍ਰੈਕਟੀਕਲ ਪ੍ਰੀਖਿਆ ਕਰਵਾਉਣਗੇ। ਲੋੜ ਪੈਣ ਤੇ ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ (ਸ) ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
7. ਪ੍ਰੀਖਿਅਕ ਤਿਆਰ ਕੀਤੀਆਂ ਨੰਬਰ ਸੂਚੀਆਂ ਦੋ ਪਰਤਾਂ ਵਿੱਚ ਸਬੰਧਤ ਸਕੂਲ ਮੁੱਖੀ/ਕੇਂਦਰ ਕੰਟਰੋਲਰ ਵੱਲੋਂ ਪ੍ਰਤੀ ਹਸਤਾਖਰ ਕਰਵਾਉਣ ਉਪਰੰਤ ਸੀਲਬੰਦ ਲਿਫਾਫੇ ਵਿੱਚ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਪਾਸ ਜਮ੍ਹਾਂ ਕਰਵਾਉਣਗੇ। ਇਹਨਾ ਨੰਬਰਾਂ ਦੀ ਕਾਊਂਟਰ ਫਾਈਲ ਆਪਣੇ ਪਾਸ ਰਿਕਾਰਡ ਹਿੱਤ ਜ਼ਰੂਰ ਰੱਖੀ ਜਾਵੇ।
8. ਕੰਪਿਊਟਰ ਸਾਇੰਸ, ਸਿਹਤ ਤੇ ਸਰੀਰਕ ਸਿੱਖਿਆ ਅਤੇ ਇੱਕ ਚੋਣਵੇ ਵਿਸ਼ੇ ਦੀ ਲਿਖਤੀ ਤੇ ਪ੍ਰਯੋਗੀ ਪ੍ਰੀਖਿਆ ਕੇਂਦਰ ਕੰਟਰੋਲਰ ਵੱਲੋਂ ਆਪਣੇ ਪੱਧਰ ਤੇ ਕਰਵਾਈ ਜਾਣੀ ਹੈ ਅਤੇ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਗਰੇਡੇਸ਼ਨ ਤਿਆਰ ਕਰਨ ਉਪਰੰਤ ਉੱਪ ਸਕੱਤਰ (ਗੁਪਤ) ਨੂੰ ਭਿਜਵਾਉਣਗੇ।

ਅਜੀਤਗੜ੍ਹ
ਮਿਤੀ: 20-7-12

(ਸਭ ਹੱਕ ਰਾਖਵੇਂ ਹਨ)

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ